ਰਚਨਾਵਾਂ

ਪ

ਾਦਿਤ)
ਨੀਆਂ
ਤਿਹਾਸ ਦਾ ਸਰੋਤ
ਦਰ ਜੀਵਨੀ ਤੇ ਪ੍ਰਾਪਤੀਆਂ
ਾਜਿਕ ਸਰੋਕਾਰ
ਵਿਚਾਰਧਾਰਾ
ਲਪ ਤੇ ਪਰੰਪਰਾ
ੇ ਸਿੱਖ ਸ਼ਹੀਦ
ਸਿੰਘ ਬਹਾਦਰ
ਦਰ ਮਹਾਨ ਸਿੱਖ ਜਰਨੈਲ
ਦਰ : ਜੀਵਨ ਤੇ ਸ਼ਹਾਦਤ

Indian Society
dur & Sikh Sovereignty
hievements of Banda Singh Bahadur
: Social Concerns

# ਬਾਬਾ ਬੰਦਾ ਸਿੰਘ ਬਹਾਦਰ
# ਮਹਾਨ ਸਿੱਖ ਜਰਨੈਲ


ਸੰਪਾਦਿਕਾ

**ਡਾ. ਹਰਬੰਸ ਕੌਰ ਸਾਗੂ**

ਡਾਇਰੈਕਟਰ
ਇੰਟਰਨੈਸ਼ਨਲ ਸੈਂਟਰ ਫਾਰ ਸਿੱਖ ਸਟੱਡੀਜ਼
ਗੁਰੂ ਗ੍ਰੰਥ ਸਾਹਿਬ ਭਵਨ
ਗੁਰਦੁਆਰਾ ਰਕਾਬ ਗੰਜ ਸਾਹਿਬ
ਦਿੱਲੀ-110001



**ਮਨਪ੍ਰੀਤ ਪ੍ਰਕਾਸ਼ਨ**
**ਦਿੱਲੀ**

# ਬਾਬਾ ਬੰਦਾ ਸਿੰਘ ਬਹਾਦਰ : ਮਹਾਨ ਸਿੱਖ ਜਰਨੈਲ

**Baba Banda Singh Bahadur : Mahan Sikh Jarnail**


by

*Dr. Harbans Kaur Sagoo*

Director
International Centre For Sikh Studies
Guru Granth Sahib Bhawan
Gurdwara Rakab Ganj Sahib
Delhi-110001
E-mail : hksagoo48@gmail.com



Ist Edition : 2017

*Publication :*

Manpreet Parkashan
16/16 Ist Floor
Geeta Colony, Delhi-31
Mobile : 93122 71252 • 9015346246
E-mail : manpreet1948@gmail.com

*Type Setting :*

Mantej Graphics
Mob : 98781-77812

*Printer*
**Balaji Offset**
Delhi

Price : 490/-

ISBN : 81-87654-24-4

ਨ ਉਸ ਪਾਸ ਆਉਂਦਾ, ਉਹ ਦਿਹਾੜੀ 'ਤੇ ਰੱਖ
ੀਂ ਚੁਕਾਇਆ ਕੇਵਲ ਦੁਸ਼ਟਾਂ ਨੂੰ ਸੋਧਿਆ। ਉਸ
ਂਦਾ, ਉਹ ਇਕ ਮੋਹਰ ਤੋਂ ਘੱਟ ਨਹੀਂ ਸੀ ਦੇਂਦਾ।
ਾਬਕ ਨੇਮ-ਕਰਮ ਦੀ ਖੁੱਲ੍ਹ ਸੀ। ਇਸ ਤੋਂ ਉਲਟ
ਾਂ ਦੀ ਨਸਲਕੁਸ਼ੀ ਲਈ ਚਾਰ ਸਰਕਾਰੀ ਹੁਕਮ
ੇ ਆਪਣੇ ਰਾਜ ਦੇ ਸਮੇਂ ਵਿਚ ਇਕ ਵੀ ਆਮ
ਗੀ ਨਹੀਂ ਕੀਤਾ।
ਾਦਰ ਦੀ ਅਜਿਹੀ ਨੀਤੀ ਕਾਰਨ ਬਹੁਤ ਪਰੇਸ਼ਾਨ
ਛੱਡ ਕੇ ਪੰਜਾਬ ਵੱਲ ਦੌੜਿਆ ਤੇ ਹੁਕਮ ਜਾਰੀ
ਾ ਮਿਲਣ ਸ਼ੂਟ ਕਰ ਦਿੱਤੇ ਜਾਣ। ਬਹਾਦਰ ਸ਼ਾਹ
ਂਘ ਦੀ ਰਾਜਧਾਨੀ ਲੋਹਗੜ੍ਹ (ਮੁਖਲਸਗੜ੍ਹ) ਨੂੰ
ਕਿ ਕੋਈ ਕਾਰਵਾਈ ਹੁੰਦੀ ਬੰਦਾ ਸਿੰਘ ਆਪਣੇ
ਅਛੋਪਲੇ ਦੀ ਉਥੋਂ ਨਿਕਲ ਗਿਆ। ਬਹਾਦਰ
ਹੋਈ। ਉਹ ਬੰਦਾ ਸਿੰਘ ਨੂੰ ਨਾ ਤਾਂ ਫੜ ਹੀ
ਆਂ ਦਾ ਕੋਈ ਨੁਕਸਾਨ ਹੀ ਕਰ ਸਕਿਆ।
ਹਾਦਰ ਜਦੋਂ ਕਲਗੀਆਂ ਵਾਲੇ ਦੇ ਹੁਕਮ ਨਾਲ
ਵੇਲੇ ਖਾਲਸੇ ਦੀ ਉਮਰ ਕੇਵਲ ਨੌਂ ਸਾਲ ਸੀ।
ਾ ਹੋਈ ਤੇ 1708 ਵਿਚ ਉਹ ਸੰਘਰਸ਼ ਦੇ ਰਾਹ
ਲ ਹੈ ਬਾਬਾ ਬੰਦਾ ਸਿੰਘ 1708 ਈ. ਵਿਚ ਸਿੰਘ
ਦਾ ਜਾਮ ਵੀ ਪੀ ਗਿਆ। ਇਸ ਤਰ੍ਹਾਂ ਬੈਰਾਗੀ
ਇਤਿਹਾਸ ਵਿਚ ਆਪਣਾ ਨਾਮ ਸਦਾ ਲਈ
ਗੀ ਤੋਂ ਜਰਨੈਲੀ ਦੀ ਯਾਤਰਾ।



# ਪਹਿਲੇ ਸਿੱਖ ਰਾਜ ਦਾ ਉਸਰੱਈਆ : ਬਾਬਾ ਬੰਦਾ ਬਹਾਦਰ

-ਸ਼ਾਲੂ ਕੌਰ

ਬੰਦਾ ਸਿੰਘ ਦਾ ਜਨਮ 13 ਕੱਤਕ 1727 ਬਿ. ਯਾਨਿ 16 ਅਕਤੂਬਰ 1670 ਈ. ਨੂੰ ਐਤਵਾਰ ਵਾਲੇ ਦਿਨ ਜੰਮੂ ਕਸ਼ਮੀਰ ਦੇ ਪੁਣਛ ਇਲਾਕੇ ਦੇ ਰਾਜੌਰੀ ਪਿੰਡ ਵਿਚ ਹੋਇਆ ਸੀ। ਉਸਦੇ ਮਾਪਿਆ ਨੇ ਉਸਦਾ ਨਾਮ 'ਲਛਮਣ ਦੇਵ' ਰੱਖਿਆ ਸੀ। ਆਪਦੇ-ਪਿਤਾ ਰਾਜਪੂਤ ਸਨ ਅਤੇ ਕਿਸਾਨੀ ਦਾ ਕੰਮ ਕਰਦੇ ਸਨ। ਲਛਮਣ ਦੇਵ ਬਚਪਨ ਤੋਂ ਹੀ ਮਿਹਨਤੀ ਅਤੇ ਸਿਰੜੀ ਸੀ ਅਤੇ ਉਸ ਨੂੰ ਘੋੜ-ਸਵਾਰੀ ਅਤੇ ਸ਼ਿਕਾਰ ਦਾ ਸ਼ੌਂਕ ਸੀ।

ਉਨ੍ਹੀਂ ਦਿਨੀਂ ਵਿੱਦਿਆ ਦਾ ਅਧਿਕਾਰ ਕੇਵਲ ਬ੍ਰਾਹਮਣਾਂ ਨੂੰ ਹੀ ਸੀ। ਪੁਣਛ ਦਾ ਇਲਾਕਾ ਖ਼ਾਸ ਤੌਰ 'ਤੇ ਪੱਛੜਿਆ ਹੋਇਆ ਸੀ। ਇਸ ਲਈ ਲਛਮਣ ਦੇਵ ਨੂੰ ਵਿੱਦਿਆ ਪ੍ਰਾਪਤੀ ਦਾ ਕੋਈ ਮੌਕਾ ਨਹੀਂ ਸੀ ਮਿਲਿਆ। ਅਜੇ ਉਹ ਅਲੜ੍ਹ ਜਵਾਨ ਹੀ ਸੀ ਜਦੋਂ ਉਸ ਦੀ ਜ਼ਿੰਦਗੀ ਵਿਚ ਇਕ ਬਹੁਤ ਵੱਡਾ ਬਦਲਾਉ ਆ ਗਿਆ। ਕਹਿੰਦੇ ਹਨ ਕਿ ਇਕ ਵਾਰੀ ਸ਼ਿਕਾਰ ਕਰਦਿਆਂ ਲਛਮਣ ਦੇਵ ਨੇ ਇਕ ਹਿਰਨੀ ਨੂੰ ਤੀਰ ਮਾਰਿਆ। ਉਹ ਹਿਰਨੀ ਧਰਤੀ 'ਤੇ ਡਿੱਗ ਪਈ ਅਤੇ ਦਰਦ ਨਾਲ ਕਰਾਹੁਣ ਲੱਗੀ। ਜਦ ਲਛਮਣ ਦੇਵ ਉਸਦੇ ਲਾਗੇ ਪਹੁੰਚੇ ਤਾਂ ਮਰ ਰਹੀ ਹਿਰਨੀ ਨੂੰ ਵੇਖ ਕੇ ਉਨ੍ਹਾਂ ਨੂੰ ਤਰਸ ਆ ਗਿਆ। ਪਰ ਇਸ ਤੋਂ ਬਾਅਦ ਜੋ ਘਟਨਾ ਘਟੀ ਉਸਨੇ ਲਛਮਨ ਦੇਵ ਨੂੰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ। ਆਪਣੇ ਮਨ ਨੂੰ ਪੱਕਾ ਕਰਕੇ ਜਦੋਂ ਉਸਨੇ ਮਰੀ ਹੋਈ ਹਿਰਨੀ ਨੂੰ ਸਾਫ਼ ਕਰਨ ਲਈ ਉਸਦਾ ਪੇਟ ਚੀਰਿਆ ਤਾਂ ਵਿਚੋਂ ਹਿਰਨੀ ਦੇ ਦੋ ਬੱਚੇ ਨਿਕਲੇ। ਮਾਸੂਮ, ਕੋਮਲ ਬੱਚੇ, ਲਛਮਨ ਦੇਵ ਦੀਆਂ ਅੱਖੀਆਂ ਸਾਹਮਣੇ ਤੜਫ-ਤੜਫ ਕੇ ਮਰ ਗਏ। ਇਹ ਸਭ ਵੇਖ ਕੇ ਉਸਦਾ ਨਰਮ ਦਿਲ, ਡਰ ਗਿਆ ਅਤੇ ਆਤਮ-ਗਿਲਾਨੀ ਨਾਲ ਭਰ ਗਿਆ। ਉਸਦੇ ਅੰਦਰ ਤੱਕ ਇਕ ਕੰਬਣੀ ਜਿਹੀ ਛਿੜ ਗਈ ਅਤੇ ਉਸਨੇ ਸ਼ਿਕਾਰ ਤੋਂ ਤੌਬਾ ਕਰ ਲਈ। ਮਨ ਨੂੰ ਇਨੀ ਠੇਸ ਲੱਗੀ ਕਿ ਉਸਨੇ ਵੈਰਾਗ ਧਾਰ ਲਿਆ ਅਤੇ ਸੰਸਾਰ ਦੀ ਮੋਹ-ਮਾਇਆ ਤੋਂ ਮੂੰਹ ਫੇਰ ਲਿਆ। ਇਸ ਸਮੇਂ ਇਨ੍ਹਾਂ ਦੀ ਉਮਰ ਵਿਚ ਆ ਗਏ। ਉਸਦੇ ਉਪਦੇਸ਼ਾਂ ਨੇ ਲਛਮਣ ਦਾਸ ਨੂੰ ਇਨ੍ਹਾਂ ਕੀਲਿਆ ਕਿ ਉਸਨੇ ਘਰ ਛੱਡ ਕੇ ਬੈਰਾਗੀ ਦਾ ਚੋਲਾ ਪਾ